## ਪੰਜਾਬ ਦੇ ਲੋਕ- ਕਿੱਤੇ ਤੇ ਲੋਕ -ਕਲਾਵਾਂ ਪਾਠ 5

**ਪ੍ਰਸ਼ਨ 1. ਪੰਜਾਬ ਦੇ ਲੋਕ -ਕਿੱਤਿਆਂ ਦੇ ਵੱਖ-ਵੱਖ ਨਾਂ ਕਿਵੇਂ ਪ੍ਰਚੱਲਿਤ ਹੋਏ??**

ਉੱਤਰ : ਲੋਕ-ਕਿੱਤੇ ਸਾਡੇ ਸਮਾਜ ਦਾ ਮੁੱਢ ਤੋਂ ਹੀ ਅਹਿਮ ਹਿੱਸਾ ਰਹੇ ਹਨ ।ਜੀਵਨ ਨਿਰਬਾਹ ਲਈ ਕੰਮ ਮੁੱਖ ਲੋੜ ਹੈ। ਲੋੜਾਂ ਪੂਰੀਆਂ ਕਰਨ ਲਈ ਸਮੂਹਿਕ ਰੂਪ ਵਿੱਚ ਯਤਨ ਕੀਤੇ ਜਾਂਦੇ ਸਨ। ਵੱਖ ਵੱਖ ਕੰਮਾਂ ਨੂੰ ਲਗਾਤਾਰ ਕਰਨ ਨਾਲ ਮੁਹਾਰਤ ਕਾਰਨ ਕਾਮਾ ਸ਼੍ਰੇਣੀਆਂ ਹੋਂਦ ਵਿੱਚ ਆਈਆਂ ।ਇਕ ਕੰਮ ਲੰਬਾ ਸਮਾਂ ਕਰਨ ਨਾਲ ਕਿੱਤਾ ਬਣ ਗਿਆ।ਲੱਕੜੀ ਦਾ ਕੰਮ ਕਰਨ ਵਾਲੇ ਨੂੰ ਤਰਖਾਣ , ਲੋਹੇ ਦਾ ਕੰਮ ਕਰਨ ਵਾਲੇ ਨੂੰ ਲੋਹਾਰ ,ਸੋਨੇ ਦੀ ਕੰਮ ਕਰਨ ਵਾਲੇ ਨੂੰ ਸੁਨਿਆਰ ਕਿਹਾ ਜਾਣ ਲੱਗਾ । ਇਸ ਤਰਾਂ ਕਿੱਤਿਆਂ ਦੇ ਵੱਖ ਵੱਖ ਨਾ ਪ੍ਰਚਲਿਤ ਹੋਏ।

**ਪ੍ਰਸ਼ਨ 2. ਲੋਕ ਕਿੱਤੇ ਤੇ ਲੋਕ ਧੰਦੇ ਦੇ ਅਰਥਾਂ ਵਿੱਚ ਕੀ ਫਰਕ ਹੈ?**

ਉੱਤਰ: ਕਿੱਤਾ ਉਸ ਨੂੰ ਕਿਹਾ ਜਾਂਦਾ ਹੈ ਕਿ ਜਿਸ ਕੰਮ ਤੋਂ ਕਿਸੇ ਕਿਰਤ ਦਾ ਨਿਰਮਾਣ ਹੋਵੇ ਜਿਵੇਂ ਤਰਖਾਣ, ਲੁਹਾਰ ਤੇ ਸੁਨਿਆਰ ਆਦਿ ਦੇ ਕਿੱਤੇ । ਲੋਕ ਕਿੱਤੇ ਪਿਤਾ ਪੁਰਖੀ ਹੁੰਦੇ ਹਨ । ਇਹਨਾ ਵਿੱਚ ਸਥੂਲ ਤੇ ਅਸਥੂਲ ਦੋਵੇਂ ਤਰਾਂ ਦੀ ਕਿਰਤ ਦਾ ਨਿਰਮਾਣ ਹੁੰਦਾ ਹੈ। ਧੰਦੇ ਵਿੱਚ ਕਿਸੇ ਕਿਰਤ ਦਾ ਨਿਰਮਾਣ ਜ਼ਰੂਰੀ ਨਹੀਂ । ਧੰਦੇ ਨੂੰ ਕਿੱਤੇ ਦੇ ਮੁਕਾਬਲੇ ਕੁੱਝ ਘੱਟ ਸਤਿਕਾਰ ਨਾਲ ਦੇਖਿਆ ਜਾਂਦਾ ਹੈ।ਧੰਦਾ ਅਜਿਹੇ ਕਿੱਤੇ ਨੂੰ ਕਹਿੰਦੇ ਹਨ ਜਿਸ ਤੋਂ ਧਨ ਪ੍ਰਾਪਤ ਹੋਵੇ।

**ਪਸ਼ਨ 3. ਲੋਕ ਕਿੱਤੇ ਦੀ ਕੀ ਵਿਸੇਸ਼ਤਾ ਹੈ? ਲੁਹਾਰ ਤੇ ਤਰਖਾਣ ਵੱਲੋਂ ਬਣਾਏ ਜਾਂਦੇ ਸੰਦਾਂ ਦੇ ਨਾ ਲਿਖੋ।**

ਉੱਤਰ : ਲੋਕ ਕਿੱਤੇ ਦੀਆਂ ਵਿਸੇਸ਼ਤਾਵਾ :

ਲੋਕ ਕਿੱਤਾ ਪਿਤਾ ਪੁਰਖੀ ਕੰਮ ਨੂੰ ਕਹਿੰਦੇ ਹਨ। ਵੱਡੇ ਵਡੇਰਿਆਂ ਤੋਂ ਸਿੱਖਿਆ ਜਾਂਦਾ ਹੈ। ਇਹ ਪੀੜ੍ਹੀ ਦਰ ਪੀੜ੍ਹੀ ਚੱਲਦਾ ਰਹਿੰਦਾ ਹੈ। ਲੋਕ ਕਿੱਤੇ ਵਿੱਚ ਉਸਤਾਦੀ ਸਾਗਿਰਦੀ ਦੀ ਪਰੰਪਰਾ ਵੀ ਹੁੰਦੀ ਹੈ। ਉਸਤਾਦ ਆਪਣੇ ਕੰਮ ਵਿੱਚ ਨਿਪੁੰਨ ਕਾਰੀਗਰ ਹੁੰਦਾ ਹੈ।ਲੋਕ ਕਿੱਤੇ ਸਧਾਰਨ ਤੋਂ ਸਧਾਰਨ ਅਤੇ ਵਿਸੇਸ਼ ਤੋਂ ਵਿਸੇਸ਼ ਵਿਅਕਤੀ ਲਈ ਲੋੜੀਂਦਾ ਤੇ ਲਾਹੇਬੰਦ ਹੁੰਦੇ ਹਨ।

ਲੁਹਾਰ ਤੇ ਤਰਖਾਣ ਵੱਲੋਂ ਬਣਾਏ ਜਾਂਦੇ ਸੰਦ:

ਘਰੇਲੂ ਵਰਤੋਂ ਲਈ , ਮੰਜਾ ਪੀੜੀ, ਮਧਾਣੀ,ਘੜਵੰਜੀ,ਚਰਖਾ, ਅਟੇਰਨਾ,ਸੰਦੂਕ, ਚੌਕੀ ,ਚਕਲਾ ਵੇਲਣਾ, ਗੰਡੀਰਾ,ਪੰਘੂੜਾ, ਘੋਟਨਾ ਆਦਿ।

ਖੇਤੀ ਬਾੜੀ ਲਈ ,ਸੁਹਾਗਾ, ਹੱਲ,ਕਹੀ, ਕੁਹਾੜੀ, ਸਲੰਘ,ਖੁਲਾੜੀ, ਜੂਲਾ, ਹਰਟ,ਤੰਗਲ਼ੀ , ਦਾਤੀ, ਰੰਬਾ,ਪੰਜਾਲ਼ੀ ਆਦਿ।

**ਪ੍ਰਸ਼ਨ 4.ਸੁਨਿਆਰ ਦੁਆਰਾ ਬਣਾਏ ਜਾਂਦੇ ਮਰਦਾਵੇ ਅਤੇ ਇਸਤਰੀਆਂ ਦੇ ਗਹਿਣਿਆਂ ਬਾਰੇ ਦੱਸੋ।**

ਉੱਤਰ: ਸੁਨਿਆਰ ਵੱਖ ਵੱਖ ਤਰਾਂ ਦੇ ਗਹਿਣੇ ਤਿਆਰ ਕਰਦਾ ਹੈ। ਇਸਤਰੀਆਂ ਦੇ ਗਹਿਣੇ ਇਸ ਪ੍ਰਕਾਰ ਹਨ :

ਸਿਰ ਦੇ ਗਹਿਣੇ: ਕਲਿੱਪ, ਸੂਈਆਂ ,ਬਘਿਆੜੀ,ਟਿੱਕਾ, ਸ਼ਿੰਗਾਰ ਪੱਟੀ,ਸੱਗੀ-ਫੁੱਲ, ਟਿੱਕਾ।

ਕੰਨਾ ਦੇ ਗਹਿਣੇ: ਵਾਲ਼ੀਆਂ , ਕਾਂਟੇ, ਪਿੱਪਲ ਪੱਤੀਆਂ,ਝੁਮਕੇ, ਬੁੰਦੇ, ਡੰਡੀਆਂ , ਲੋਟਨ,ਕੋਕਰੂ ਆਦਿ।

ਨੱਕ ਦੇ ਗਹਿਣੇ:ਲੌਂਗ , ਕੋਕਾ ,ਤੀਲੀ,ਨੱਥ, ਬੁਲਾਕ।

ਗਰਦਨ ਦੇ ਗਹਿਣੇ:ਹੱਸ, ਰਾਣੀਹਾਰ,

ਵੀਣੀ ਦੇ ਗਹਿਣੇ: ਗੋਖੜੂ,ਪਰੀਬੰਦ, ਗਜਰੇ,ਪਹੁੰਚੀ, ਚੂੜੀਆਂ , ਪਰੀਬੰਦ,ਕੰਗਣ, ਵੰਗਾਂ ।

ਉਂਗਲੀ ਦੇ ਗਹਿਣੇ:ਮੁੰਦਰੀ , ਛਾਪ, ਕਲੀਚੜੀ , ਆਰਸੀ ਆਦਿ

ਮਰਦਾਂ ਦੇ ਗਹਿਣੇ: ਕੜਾ, ਮੁੰਦਰੀ , ਕੈਂਠਾ ।

**ਪ੍ਰਸ਼ਨ : ਲੋਕ – ਕਲਾ ਤੇ ਸਾਸ਼ਤਰੀ ਕਲਾ ਵਿੱਚ ਕੀ ਅੰਤਰ ਹੈ?**

ਉੱਤਰ : ਲੋਕ ਕਲਾ ਦਾ ਜਨਮ ਸਾਦਗੀ ਤੇ ਸੁਹਜ ਦੇ ਕਲਾਤਮਿਕ ਗੁਣਾਂ ਵਿੱਚੋਂ ਹੁੰਦਾ ਹੈਇਹ ਇਕ ਪ੍ਰਾਚੀਨ ਪਰੰਪਰਾ ਹੈ ਜੋ ਮਨੁੱਖ ਦੀ ਤ੍ਰਿਪਤੀ ਦਾ ਸਾਧਨ ਰਹੀ ਹੈ। ਇਹ ਸੰਵੇਦਨਸੀਲ , ਸਾਦੀ ਤੇ ਮਾਨਵੀ ਮੁੱਲਾਂ ਨਾਲ ਭਰਪੂਰ ਰਹੀ ਹੈ।

ਜਿਵੇਂ ਜਿਵੇਂ ਲੋਕ ਕਲਾ ਵਿੱਚ ਨਿਖਾਰ ਆਉਂਦਾ ਗਿਆ ਤਿਵੇਂ ਤਿਵੇਂ ਇਸਦੇ ਨਿਯਮ ਬਣਦੇ ਗਏ । ਜਿਸ ਲੋਕ ਕਲਾ ਦੇ ਨਿਯਮ ਬਣ ਗਏ ਉਹ ਸਾਸ਼ਤਰੀ ਕਲਾ ਬਣ ਗਈ। ਸਾਸਤਰੀ ਕਲਾ ਦੇ ਨਿਯਮ ਬੱਝਵੇਂ ਹੁੰਦੇ ਹਨ ਤੇ ਲੋਕ ਕਲਾ ਦੇ ਲਚਕੀਲੇ।

ਪ੍ਰਸ਼ਨ : ਪੰਜਾਬ ਦੀਆ ਬਹੁਤੀਆਂ ਲੋਕ ਕਲਾਵਾ ਦੀਆਂ ਸਿਰਜਕ ਇਸਤਰੀਆਂ ਹੀ ਰਹੀਆਂ ਹਨ?

ਉੱਤਰ: ਉਪਰੋਕਤ ਕਥਨ ਬਿਲਕੁਲ ਸਹੀ ਹੈ,ਇਸਤਰੀ ਮਨ ਕੋਮਲ ਤੇ ਸੰਵੇਦਨਾ ਭਰਪੂਰ ਹੁੰਦਾ ਹੈ।ਜੀਵਨ ਦੇ ਸੁਖਾਂਤਿਕ ਪਹਿਲੂ ਤੇ ਮੰਗਲ ਭਾਵਨਾ ਦੀ ਕਾਮਨਾ ਦਾ ਚਿੱਤਰ ਇਸਤਰੀਆਂ ਦੁਆਰਾ ਸਿਰਜੀ ਲੋਕ ਕਲਾ ਦਾ ਵਿਸੇਸ਼ ਪੱਖ ਹੈ। ਇਸਤਰੀਆਂ ਦੁਆਰਾ ਸਿਰਜੀਆਂ ਲੋਕ ਕਲਾਵਾਂ ਵਿੱਚ , ਚੁੱਲਿਆ ਤੇ ਓਟਿਆਂ ਨੂੰ ਸੰਵਾਰਨਾ,ਤਿੱਥਾ-ਤਿਉਹਾਰਾਂ ਤੇ ਚਿੱਤਰ ਬਣਾਉਣੇ, ਫੁਲਕਾਰੀ, ਰੁਮਾਲ, ਪੱਖੀਆਂ , ਦਰੀਆਂ,ਬੋਹੀਏ, ਦੇਗਚੇ ਆਦਿ ਪ੍ਰਮੁਖ ਹਨ। ਇਹ ਕਲਾਵਾ ਪ੍ਰੇਮ ਭਰਪੂਰ ਤੇ ਅਡੰਬਰ ਮੁਕਤ ਹਨ। ਇਹਨਾ ਲਈ ਲੋੜੀਂਦੀ ਸਾਮੱਗਰੀ ਵੀ ਚੁਗਿਰਦੇ ਵਿੱਚੋਂ ਮਿਲ ਜਾਂਦੀ ਹੈ।

ਪ੍ਰਸ਼ਨ : ਬਾਗ਼ ਦੀ ਕਢਾਈ ਲੋਕ ਕਲਾ ਦੀ ਵਿਸੇਸ਼ ਕਿਸਮ ਮੰਨੀ ਜਾਂਦੀ ਹੈ? ਦੱਸੋ ਕਿਵੇਂ ?

ਉੱਤਰ : ਬਾਗ਼ ਦੀ ਕਢਾਈ ਲੋਕ ਕਲਾ ਦੀ ਵਿਸੇਸ ਕਿਸਮ ਹੈ। ਬਾਗ਼ ਦੀ ਕਢਾਈ ਰੰਗੇ ਹੋਏ ਖੱਦਰ ਉੱਪਰ , ਚੌਰਸ , ਤਿਕੋਣੇ, ਛੇ ਕਲੀਏ, ਅੱਠ ਕਲੀਏ ਨਮੂਨੇ ਵਿਉਂਤ ਕੇ ਉਹਨਾਂ ਨੂੰ ਰੰਗ ਬਿਰੰਗੇ ਧਾਗਿਆਂ ਨਾਲ ਕੱਢਿਆ ਜਾਂਦਾ ਹੈ। ਕਢਾਈ ਇਸ ਤਰਾਂ ਹੁੰਦੀ ਹੈ ਕਿ ਕੋਈ ਵੀ ਥਾਂ ਖਾਲ਼ੀ ਨਹੀਂ ਹੁੰਦੀ.

ਪ੍ਰਸ਼ਨ : ਫੁਲਕਾਰੀ ਦੀ ਕਢਾਈ ਦੇ ਹੁਨਰ ਨੂੰ ਲੋਕ ਕਲਾ ਦਾ ਸਿਖਰ ਕਿਉਂ ਮੰਨਿਆ ਜਾਂਦਾ ਹੈ?

ਉੱਤਰ: ਫੁਲਕਾਰੀ ਦੀ ਹੁਨਰ ਲੋਕ ਕਲਾ ਦੀ ਸਿਖਰ ਮੰਨਿਆ ਜਾਂਦਾ ਹੈ। ਫੁਲਕਾਰੀ ਦੀ ਕਢਾਈ ਰੰਗਾਈ ਕੀਤੇ ਖੱਦਰ ਦੇ ਕੱਪੜੇ ਤੇ ਪੁੱਠੇ ਪਾਸਿਓਂ ਧਾਗੇ ਗਿਣ ਕੇ ਕੀਤੀ ਜਾਂਦੀ ਸੀ। ਇਸ ਦੇ ਕਈ ਨਮੂਨੇ ਜਿਵੇਂ – ਚੋਪ, ਸੁੱਭਰ, ਤਿਲਪੱਤਰਾ , ਨੀਲਕ, ਛਮਾਸ, ਘੁੰਗਟਬਾਗ ਹਨ ਚੋਪ ਤੇ ਸੁੱਭਰ ਫੁਲਕਾਰੀਆਂ ਨਾਨਕੇ ਨਾਨਕ ਛੱਕ ਵਿੱਚ ਲੈ ਕੇ ਆਉਂਦੇ ਹਨ।ਵਿਆਹ ਵਿੱਚ ਫੇਰਿਆ ਸਮੇਂ ਲਾੜੀ ਦੇ ਸਿਰ ਉੱਪਰ ਸੁੱਭਰ ਦਿੱਤਾ ਜਾਂਦਾ ਸੀ। ਸੀਸਿਆ ਜੜੀ ਫੁਲਕਾਰੀ ਨੂੰ ਛਮਾਸ ਕਹਿੰਦੇ ਹਨ । ਇਸ ਤਰਾਂ ਸ਼ਗਨਾ ਦੀ ਪ੍ਰਤੀਕ ਫੁਲਕਾਰੀ ਲੋਕ ਕਲਾ ਦਾ ਸਿਖਰ ਮੰਨੀ ਜਾਂਦੀ ਹੈ।

ਪ੍ਰਸ਼ਨ : ਬਾਗ਼ ਤੇ ਫੁਲਕਾਰੀ ਤੋਂ ਬਿਨਾ ਲੋਕ ਕਲਾ ਦੀਆ ਹੋਰ ਵੰਨਗੀਆਂ ਬਾਰੇ ਲਿਖੋ?

ਉੱਤਰ : ਲੋਕ ਕਲਾ ਦੀਆ ਹੋਰ ਵੰਨਗੀਆਂ ਦਰੀਆਂ , ਨਾਲੇ, ਨਵਾਰ ਹਨ। ਦਰੀਆਂ ਦੇ ਨਮੂਨੇ , ਪੱਖੀਆਂ ਦੀ ਬੁਣਤੀ ਰੁਮਾਲਾਂ ਤੇ ਝੋਲਿਆ ਦੀ ਕਢਾਈ ਆਦਿ ਨੇ ਸਾਡੀ ਲੋਕ ਕਲਾ ਨੂੰ ਅਮੀਰੀ ਬਖਸੀ ਹੈ। ਇਸ ਤੋਂ ਬਿਨਾ ਕਾਗ਼ਜ਼ ਤੇ ਪਾਂਡੇ ਮਿੱਟੀ ਤੋਂ ਬਣੇ ਬੋਹੀਏ ਗੋਟੇ ਅਤੇ ਕੰਧਾ ਤੇ ਬਣੇ ਚਿੱਤਰ ਵੀ ਲੋਕ ਕਲਾ ਦੇ ਨਮੂਨੇ ਹਨ।

ਪ੍ਰਸ਼ਨ : ਨਵਰਾਤਿਆ ਦੇ ਦਿਨਾਂ ਵਿੱਚ ਕੁੜੀਆਂ ਵੱਲੋਂ ਬਣਾਈਆਂ ਮਿੱਟੀ ਦੀਆ ਮੂਰਤੀਆਂ ਬਾਰੇ ਜਾਣਕਾਰੀ ਦਿਓ?

ਉੱਤਰ : ਨਵਰਾਤਿਆ ਦੇ ਦਿਨਾਂ ਵਿੱਚ ਕੰਧ ਉਤੇ ਗੋਹੇ ਮਿੱਟੀ ਨਾਲ ਸਾਂਝੀ ਦੇਵੀ ਦੀ ਮੂਰਤੀ ਬਣਾਉਂਦੀਆਂ ਹਨ। ਇਸ ਨੂੰ ਸ਼ਿੰਗਾਰਨ ਲਈ ਕਈ ਤਰਾਂ ਦੇ ਚਿੱਤਰ ਬਣਾਉਂਦੀਆਂ ਹਨ। ਗਿੱਲੀ ਮਿੱਟੀ ਦੀਆ ਟਿੱਕੀਆਂ (ਚੰਦੂਏ) ਰੰਗ ਕੇ ਰੱਖ ਲਏ ਜਾਂਦੇ ਹਨ। ਕੰਧ ਉੱਪਰ ਗੋਹੇ ਨਾਲ ਸਾਂਝੀ ਮਾਈ ਤੇ ਬਰੋਟੇ ਦੀਆ ਮੂਰਤੀਆਂ ਬਣਾਕੇ ਇਹਨਾ ਦੀ ਪੂਜਾ ਕੀਤੀ ਜਾਂਦੀ ਹੈ।ਇਸ ਦੇ ਅੱਗੇ ਜੌਆਂ ਦੀ ਖੇਤਰੀ ਬੀਜੀ ਜਾਂਦੀ ਹੈ ਜੋ ਦੁਸਹਿਰੇ ਵਾਲੇ ਦਿਨ ਮੂਰਤੀ ਦੇ ਨਾਲ ਪਾਣੀ ਵਿੱਚ ਰੋੜ ਦਿੱਤੀ ਜਾਂਦੀ ਹੈ।

ਡਾ. ਪੁਸ਼ਵਿੰਦਰ ਕੌਰ

ਸ ਕੋ ਐਡ ਮਲਟੀਪਰਪਜ ਸੀ ਸੈ ਸਕੂਲ ਪਟਿਆਲ਼ਾ